ਈ-ਮੇਲ ਰਾਹੀ/ਅਤਿ ਜ਼ਰੂਰੀ
ਮਿਤੀ ਬੱਧ

# ਡਾਇਰੈਕਟੋਰੇਟ ਪਸ਼ੂ ਪਾਲਣ, ਵਿਭਾਗ,ਪੰਜਾਬ

ਲਾਈਵਸਟਾਕ ਕੰਪਲੈਕਸ, ਸੈਕਟਰ-68 ਸਾਹਿਬਜਾਦਾ ਅਜੀਤ ਸਿੰਘ ਨਗਰ ।

**(ਅਮਲਾ ਸ਼ਾਖਾ-1)**

ਸੇਵਾ ਵਿਖੇ,

1) ਸੰਯੁਕਤ ਡਾਇਰੈਕਟਰ,ਪਸ਼ੂ ਪਾਲਣ,ਆਰ.ਡੀ.ਡੀ.ਐਲ.ਜਲੰਧਰ।
2) ਡਿਪਟੀ ਡਾਇਰੈਕਟਰ,ਪਸ਼ੂ ਪਾਲਣ (ਮੁਰਗੀ ਵਿਕਾਸ)/(ਪਿੱਗਰੀ ਵਿਕਾਸ) ਪੰਜਾਬ।
3) ਡਿਪਟੀ ਡਾਇਰੈਕਟਰ,ਪਸ਼ੂ ਪਾਲਣ ਪੰਜਾਬ (ਜਿਲ੍ਹਾ ਪੱਧਰ) ।
4) ਡਿਪਟੀ ਡਾਇਰੈਕਟਰ,ਪਸ਼ੂ ਪਾਲਣ (ਟ੍ਰੇਨਿੰਗ) ਜਿਲ੍ਹਾ ਪਟਿਆਲਾ।
5) ਡਿਪਟੀ ਡਾਇਰੈਕਟਰ,ਪਸ਼ੂ ਪਾਲਣ ਪੰਜਾਬ,ਵੈਟੀ.ਵੈਕਸੀਨ ਸੰਸਥਾ ਜਿਲ੍ਹਾ ਲੁਧਿਆਣਾ ।
6) ਡਿਪਟੀ ਡਾਇਰੈਕਟਰ,ਪਸ਼ੂ ਪਾਲਣ (ਫਾਰਮਜ) ਮੱਤੇਵਾੜਾ ਜਿਲ੍ਹਾ ਲੁਧਿਆਣਾ।
7) ਸਹਾਇਕ ਡਾਇਰੈਕਟਰ,ਪਸ਼ੂ ਪਾਲਣ (ਸੀਪ ਐਂਡ ਵੂਲ) ਜਿਲ੍ਹਾ ਲੁਧਿਆਣਾ।
8) ਸਹਾਇਕ ਡਾਇਰੈਕਟਰ,ਪਸ਼ੂ ਪਾਲਣ (ਫਾਰਮਜ) ਨਾਭਾ ਜਿਲ੍ਹਾ ਪਟਿਆਲਾ।
9) ਸਹਾਇਕ ਡਾਇਰੈਕਟਰ,ਪਸ਼ੂ ਪਾਲਣ (ਫਾਰਮ) ਧਾਰ ਜਿਲ੍ਹਾ ਪਠਾਨਕੋਟ ।
10)ਸਹਾਇਕ ਡਾਇਰੈਕਟ,ਪਸ਼ੂ ਪਾਲਣ (ਫਾਰਮ) ਜਿਲ੍ਹਾ ਰੋਪੜ ।
11)ਸਹਾਇਕ ਡਾਇਰੈਕਟਰ,ਪਸ਼ੂ ਪਾਲਣ ਮੈਡੀਕਲ ਸਟੋਰ ਜਿਲ੍ਹਾ ਜਲੰਧਰ ।
12)ਸਹਾਇਕ ਡਾਇਰੈਕਟਰ, ਪਸ਼ੂ ਪਾਲਣ (ਮੁਰਗੀ ਵਿਕਾਸ)ਕੋਟਕਪੂਰਾ ਫਰੀਦਕੋਟ, ਜਲੰਧਰ, ਗੁਰਦਾਸਪੁਰ ਪਟਿਆਲਾ ।

ਮੀਮੋ ਨੰ.5/1/2019/ਅ-6/
ਮਿਤੀ:

ਵਿਸ਼ਾ:- ਵੱਖ-ਵੱਖ ਵਿਭਾਗਾਂ ਦੀ ਮਿਤੀ 14.10.2019 ਤੋ ਮਿਤੀ 18.10.2019 ਤੱਕ ਹੋਣ ਵਾਲੀ ਵਿਭਾਗੀ ਪ੍ਰੀਖਿਆ ਬਾਰੇ ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪਨੂੰ ਸੂਚਿਤ ਕੀਤਾ ਜਾਦਾ ਹੈ ਕਿ ਪਸ਼ੂ ਪਾਲਣ ਵਿਭਾਗ ਦੇ ਵੈਟਨਰੀ ਅਫਸਰਾਂ ਦੀ ਵਿਭਾਗੀ ਪ੍ਰੀਖਿਆ ਦਾ ਪੇਪਰ-1 Animal Husb & Vet. Science (without Books) ਮਿਤੀ 14.10.2019 ਸੋਮਵਾਰ ਨੂੰ (ਸਵੇਰੇ 9 ਸਵੇਰੇ ਵਜੇ ਤੋ 12 ਵਜੇ ਤੱਕ ) ਅਤੇ ਪੇਪਰ-11 Legislative (Acts and Rules) (with Books) ਮਿਤੀ 15.10.2019 ਮੰਗਲਵਾਰ ਨੂੰ ਸ਼ਾਮ 2.00 ਤੋ 5.00 ਵਜੇ ਤੱਕ) ਮਹਾਂਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ ਪਬਲਿਕ ਐਡਮਨਿਸਟਰੇਸ਼ਨ,ਪੰਜਾਬ ਸੈਕਟਰ-26 ਚੰਡੀਗੜ੍ਹ ਵਿਖੇ ਕਰਵਾਇਆ ਜਾ ਰਿਹਾ ਹੈ ।

2. ਆਪਨੂੰ ਪੰਜਾਬ ਸਰਕਾਰ ਪੀ.ਸੀ.ਐਸ. ਬ੍ਰਾਚ ਵੱਲੋ ਪ੍ਰਾਪਤ ਪੱਤਰ ਨੰ.8/10/2017-2PCS/1581125/1-10 ਮਿਤੀ 23.09.2019 ਰਾਹੀ ਵਿਭਾਗੀ ਪ੍ਰੀਖਿਆ ਦੇਣ ਸਬੰਧੀ ਜਾਰੀ ਕੀਤੀਆਂ ਹਦਾਇਤਾਂ ਦੀ ਕਾਪੀ/ਪ੍ਰੋਫਾਰਮੇ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਕੰਮ ਕਰਦੇ ਵੈਟਨਰੀ ਅਫਸਰ ਜਿਨ੍ਹਾ ਵੱਲੋ ਵਿਭਾਗੀ ਪ੍ਰੀਖਿਆ ਵਿੱਚ ਭਾਗ ਲਿਆ ਜਾਣਾ ਹੈ, ਨੂੰ ਸਰਕਾਰ ਵੱਲੋ ਜਾਰੀ ਕੀਤੀਆਂ ਗਈਆਂ ਹਦਾਇਤਾਂ ਬਾਰੇ ਜਾਣੂੰ ਕਰਵਾਇਆ ਜਾਵੇ ਅਤੇ ਵਿਭਾਗੀ ਪ੍ਰੀਖਿਆ ਵਿੱਚ ਅਪੀਅਰ ਹੋਣ ਵਾਲੇ ਸਿਰਫ ਯੋਗ ਵੈਟਨਰੀ ਅਫਸਰਾਂ ਦੇ ਪ੍ਰੋਫਾਰਮੇ ਸਰਕਾਰ ਵੱਲੋ ਜਾਰੀ ਹਦਾਇਤਾਂ/ਨਿਯਮਾਂ ਅਨੁਸਾਰ (ਦੋ ਪਰਤਾਂ ਵਿੱਚ ਸਬੰਧਤ ਵੈਟਨਰੀ ਅਫਸਰ ਦੀ ਫੋਟੋ ਅਤੇ ਪ੍ਰੋਫਾਰਮਾ ਅਟੈਸਟ ਕਰਕੇ) ਮੁੰਕਮਲ ਕਰਕੇ ਮਿਤੀ 05.10.2019 ਤੱਕ ਵਿਸ਼ੇਸ ਹਰਕਾਰੇ ਰਾਹੀਂ ਇਸ ਦਫਤਰ ਨੂੰ ਭੇਜੇ ਜਾਣ ।

3. ਇਥੇ ਇਹ ਵੀ ਸ੍ਪੱਸ਼ਟ ਕੀਤਾ ਜਾਦਾ ਹੈ ਕਿ ਮਿਤੀ 05.10.2019 ਤੋ ਬਾਅਦ ਪ੍ਰਾਪਤ ਹੋਈਆ ਪ੍ਰਤੀਬੇਨਤੀਆ/ਅਧੂਰੇ ਪ੍ਰੋਫਾਰਮੇ ਅਤੇ ਵੈਟਨਰੀ ਅਫਸਰਾਂ ਦੇ ਸਿੱਧੇ ਪ੍ਰਾਪਤ ਹੋਏ ਪ੍ਰਫਾਰਮੇ ਨੂੰ ਵਿਚਾਰਿਆ ਨਹੀ ਜਾਵੇਗਾ । ਇਸ ਸਬੰਧੀ ਆਪਣੇ ਅਧੀਨ ਕੰਮ ਕਰਦੇ ਸਬੰਧਤ ਅਧਿਕਾਰੀਆਂ ਨੂੰ ਜਾਣੂੰ ਕਰਵਾ ਦਿੱਤਾ ਜਾਵੇ ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ ਜੀ ।

ਡਾਇਰੈਕਟਰ,ਪਸ਼ੂ ਪਾਲਣ ਵਿਭਾਗ,ਪੰਜਾਬ
ਸਾਹਿਬਜਾਦਾ ਅਜੀਤ ਸਿੰਘ ਨਗਰ ।

ਪਿੱਠ ਅੰਕਣ ਨੰ.5/1/2019/ਅ-6/ 16796 ਮਿਤੀ 1-10-19

ਇਸ ਦਾ ਇੱਕ ਉਤਾਰਾ ਨੋਡਲ ਅਫਸਰ ਨੂੰ ਸਦਰ ਦਫਤਰ ਨੂੰ ਵਿਭਾਗ ਦੀ ਵੈਬ-ਸਾਇਡ ਤੇ ਅੱਪਲੋਡ ਕਰਵਾਉਣ ਹਿੱਤ ਭੇਜਿਆ ਜਾਦਾ ਹੈ ।

ਡਾਇਰੈਕਟਰ,ਪਸ਼ੂ ਪਾਲਣ ਵਿਭਾਗ,ਪੰਜਾਬ
ਸਾਹਿਬਜਾਦਾ ਅਜੀਤ ਸਿੰਘ ਨਗਰ ।